STATEMENT
ਬਿਆਨ

ਤੁਰੰਤ ਜਾਰੀ ਕਰਨ ਲਈ ਸੈਰ-ਸਪਾਟਾ, ਕਲਾ ਅਤੇ ਸਭਿਆਚਾਰ ਮੰਤਰਾਲਾ
15 ਮਈ, 2020

ਬੀ ਸੀ ਵਿੱਚ ਨਫਰਤ ਲਈ ਕੋਈ ਥਾਂ ਨਹੀਂ

ਵਿਕਟੋਰੀਆ – ਸਿਟੀਜ਼ਨਜ਼ ਸਰਵਿਸਿਜ਼ ਅਤੇ ਬਹੁ-ਸਭਿਆਚਾਰਕਤਾ ਲਈ ਜ਼ਿੰਮੇਵਾਰ ਮੰਤਰੀ ਐਨ ਕੰਗ ਨੇ ਬੀ ਸੀ ਵਿਚ ਏਸ਼ੀਅਨ ਮੂਲ ਦੇ ਲੋਕਾਂ ਪ੍ਰਤੀ ਨਫ਼ਰਤ ਦੇ ਜੁਰਮਾਂ ਅਤੇ ਘਟਨਾਵਾਂ ਦੇ ਵਾਧੇ ਦੇ ਜਵਾਬ ਵਿਚ ਹੇਠ ਲਿਖਿਆ ਬਿਆਨ ਜਾਰੀ ਕੀਤਾ :

"ਕੋਵਿਡ-19 ਦੇ ਸ਼ੁਰੂ ਹੋਣ ਤੋਂ ਬਾਅਦ ਸਾਡੇ ਸੂਬੇ ਵਿੱਚ ਏਸ਼ੀਅਨ ਮੂਲ ਦੇ ਲੋਕਾਂ ਖ਼ਿਲਾਫ਼ ਨਸਲੀ ਪ੍ਰੇਰਿਤ ਸਰੀਰਕ ਅਤੇ ਮੌਖਿਕ ਹਮਲੇ ਅਤੇ ਭੰਨਤੋੜ ਵਿੱਚ ਹਾਲ ਵਿੱਚ ਹੋਏ ਵਾਧੇ ਤੋਂ ਮੈਂ ਬਹੁਤ ਦੁਖੀ ਹਾਂ। ਵੈਨਕੂਵਰ ਪੁਲਿਸ ਵਿਭਾਗ ਨੇ ਮਾਰਚ ਅਤੇ ਅਪ੍ਰੈਲ ਵਿੱਚ ਨਫ਼ਰਤ ਭਰੀਆਂ ਘਟਨਾਵਾਂ ਅਤੇ ਨਫ਼ਰਤ ਪ੍ਰੇਰਿਤ ਘਟਨਾਵਾਂ ਵਿੱਚ ਵਾਧਾ ਹੋਣ ਦੀ ਖ਼ਬਰ ਦਿੱਤੀ ਹੈ, ਅਤੇ ਜ਼ਿਆਦਾਤਰ ਪਰੇਸ਼ਾਨ ਕਰਨ ਵਾਲੀਆਂ ਘਟਨਾਵਾਂ ਵਿੱਚ ਏਸ਼ੀਅਨ ਵਿਰੋਧੀ ਭਾਵਨਾਵਾਂ ਸ਼ਾਮਲ ਸਨ।

"ਮੈਂ ਚੁੱਪ ਨਹੀਂ ਰਹਿ ਸਕਦੀ। ਇੱਕ ਅਜਿਹੇ ਵਿਅਕਤੀ ਹੋਣ ਦੇ ਨਾਤੇ ਜੋ ਖੁਦ ਤਾਈਵਾਨ ਤੋਂ ਕੈਨੇਡਾ ਆਈ, ਮੈਂ ਕਿਸੇ ਦੁਆਰਾ ਵੀ ਵਿਤਕਰੇ, ਨਫ਼ਰਤ ਜਾਂ ਹਿੰਸਾ ਦੀਆਂ ਕਾਰਵਾਈਆਂ ਵਿੱਚ ਸ਼ਾਮਲ ਹੋਣ ਤੋਂ ਬਹੁਤ ਗੁੱਸੇ ਹਾਂ। ਮੈਂ ਸਰਕਾਰ ਦੇ ਨੁਮਾਇੰਦੇ, ਪ੍ਰਵਾਸੀ ਅਤੇ ਬ੍ਰਿਟਿਸ਼ ਕੋਲੰਬੀਆ ਵਾਸੀ ਹੋਣ ਦੇ ਨਾਤੇ ਇਹਨਾਂ ਘਿਨਾਉਣੇ ਕੰਮਾਂ ਪ੍ਰਤੀ ਬੋਲਣ ਲਈ ਮਜ਼ਬੂਰ ਹਾਂ।

"ਕੋਵਿਡ-19 ਸਾਨੂੰ ਸਾਰਿਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਇਹ ਬੇਮਿਸਾਲ ਚੁਣੌਤੀ ਭਰਪੂਰ ਸਮਾਂ ਹੈ, ਪਰ ਮੈਂ ਸਪੱਸ਼ਟ ਕਰਨਾ ਚਾਹੁੰਦੀ ਹਾਂ – ਹਿੰਸਾ ਅਤੇ ਗੁੱਸੇ ਵਾਲੇ ਕੰਮ ਬਰਦਾਸ਼ਤ ਨਹੀਂ ਕੀਤੇ ਜਾਣਗੇ। ਸਾਡੇ ਸਮਾਜ ਵਿਚ ਨਫ਼ਰਤ ਦੀ ਬਿਲਕੁਲ ਥਾਂ ਨਹੀਂ ਹੈ।

"ਚਾਈਨੀਜ਼ ਕੈਨੇਡੀਅਨਾਂ ਦੀਆਂ ਇਸ ਸੂਬੇ ਵਿੱਚ ਡੂੰਘੀਆਂ ਜੜ੍ਹਾਂ ਹਨ। ਕਈ ਪੀੜ੍ਹੀਆਂ ਤੋਂ ਚਾਈਨੀਜ਼ ਕੈਨੇਡੀਅਨਾਂ ਨੇ ਸ਼ਾਨਦਾਰ ਬਹੁ-ਸਭਿਆਚਾਰਕ ਸਮਾਜ ਦਾ ਨਿਰਮਾਣ ਕਰਨ ਵਿੱਚ ਸਾਰੇ ਬ੍ਰਿਟਿਸ਼ ਕੋਲੰਬੀਆ ਵਾਸੀਆਂ ਨਾਲ ਮਿਲ ਕੇ ਕੰਮ ਕੀਤਾ ਹੈ, ਜਿਸਦਾ ਅਸੀਂ ਅੱਜ ਆਨੰਦ ਮਾਣ ਰਹੇ ਹਾਂ। ਹੁਣ ਇਕੱਠੇ ਖੜੇ ਹੋਣ ਅਤੇ ਇਨ੍ਹਾਂ ਕਾਰਜਾਂ ਦੀ ਨਿੰਦਾ ਕਰਨ ਦਾ ਸਮਾਂ ਹੈ ਜੋ ਵੰਡ ਪਾਉਣ ਦੀ ਕੋਸ਼ਿਸ਼ ਕਰਦੇ ਹਨ।

"ਜਿਵੇਂ ਅਸੀਂ ਇਕ ਵਧੇਰੇ ਸੰਮਿਲਤ ਅਤੇ ਸਵਾਗਤਯੋਗ ਸੂਬਾ ਬਣਾਉਣ ਲਈ ਕੰਮ ਕਰਦੇ ਹਾਂ, ਦਿਆਲਤਾ ਸਾਨੂੰ ਇਸ ਵਿਸ਼ਵਵਿਆਪੀ ਸਿਹਤ ਸੰਕਟ ਵਿੱਚ ਪਹਿਲਾਂ ਨਾਲੋਂ ਕਿਤੇ ਵਧੇਰੇ ਮਜ਼ਬੂਤ ਕਰੇਗੀ। ਸਾਡੇ ਭਾਈਚਾਰੇ ਮਜ਼ਬੂਤ ਹੁੰਦੇ ਹਨ ਜਦੋਂ ਅਸੀਂ ਇੱਕ ਦੂਜੇ ਨਾਲ ਉਹੋ ਜਿਹਾ ਵਿਵਹਾਰ ਕਰਦੇ ਹਾਂ ਜਿਹੋ ਜਿਹਾ ਅਸੀਂ ਚਾਹੁੰਦੇ ਹਾਂ ਕਿ ਸਾਡੇ ਨਾਲ ਹੋਵੇ। ਇੱਕ ਦੂਜੇ ਪ੍ਰਤੀ ਸਹਿਯੋਗ, ਸਮਝ ਅਤੇ ਸਨਮਾਨ ਦੀ ਮੰਸ਼ਾ ਰੱਖਣਾ ਹੁਣ ਪਹਿਲਾਂ ਨਾਲੋਂ ਵੀ ਜ਼ਿਆਦਾ ਮਹੱਤਵਪੂਰਣ ਹੈ। ਅਸੀਂ ਜਦੋਂ ਅਸੀਂ ਨਸਲਵਾਦ ਵੇਖੀਏ ਤਾਂ ਸਾਨੂੰ ਬੋਲਣਾ ਚਾਹੀਦਾ ਹੈ।

"ਸਾਡੀ ਸਰਕਾਰ ਨੇ ਬੀ ਸੀ ਦੇ ਬਹੁਸਭਿਆਚਾਰਕ ਸਮਾਜ ਦੀ ਰੱਖਿਆ, ਬਚਾਅ ਅਤੇ ਸਮਰਥਨ ਲਈ ਨਵੇਂ ਪ੍ਰੋਗਰਾਮ ਤਿਆਰ ਕੀਤੇ ਹਨ। ਅਸੀਂ ਹਾਲ ਹੀ ਵਿੱਚ Resilience BC ਨਸਲਵਾਦ ਵਿਰੋਧੀ ਨੈੱਟਵਰਕ ਸਥਾਪਤ ਕੀਤਾ ਹੈ, ਜੋ ਇੱਕ ਹੱਬ ਅਤੇ ਸਪੋਕ ਮਾਡਲ ਹੈ, ਜੋ ਸੂਬੇ ਭਰ ਵਿੱਚ ਭਾਈਚਾਰਿਆਂ ਨੂੰ ਜਾਣਕਾਰੀ, ਸਹਾਇਤਾ ਅਤੇ ਸਿਖਲਾਈ ਨਾਲ ਜੋੜਦਾ ਹੈ ਤਾਂ ਜੋ ਉਨ੍ਹਾਂ ਨੂੰ ਜਾਤੀਵਾਦ, ਅਸਹਿਣਸ਼ੀਲਤਾ ਅਤੇ ਨਫ਼ਰਤ ਦਾ ਹੱਲ ਕਰਨ ਵਿੱਚ ਸਹਾਇਤਾ ਕੀਤੀ ਜਾ ਸਕੇ।

“ਸਾਡਾ ਸੂਬਾ ਪ੍ਰਤੀ ਸਾਲ Resilience BC ਵਿੱਚ $540,000 ਨਿਵੇਸ਼ ਕਰ ਰਿਹਾ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ ਅਸੀਂ ਵਿਕਟੋਰੀਆ ਇਮੀਗ੍ਰੈਂਟ ਐਂਡ ਰਫਿਊਜੀ ਸੈਂਟਰ ਸੁਸਾਇਟੀ (VIRCS) ਨੂੰ ਹੱਬ ਪ੍ਰਦਾਤਾ ਵਜੋਂ ਚੁਣਿਆ ਹੈ ਅਤੇ ਕੋਈ ਵੀ ਸੰਸਥਾ ਜੋ ਨਸਲਵਾਦ ਵਿਰੋਧੀ ਅਤੇ ਨਫ਼ਰਤ ਵਿਰੋਧੀ ਕੋਸ਼ਿਸ਼ਾਂ ਵਿਚ ਮੋਹਰੀ ਹੈ ਅਤੇ Resilience BC ਦੀ ਭਾਈਚਾਰਕ ਸਪੋਕ ਬਣਨਾ ਚਾਹੁੰਦੀ ਹੈ, ਉਸਨੂੰ 19 ਮਈ 2020 ਤੱਕ ਪ੍ਰਸਤਾਵ ਪੇਸ਼ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

“ਜੇ ਤੁਸੀਂ ਪੀੜਤ ਹੋ ਜਾਂ ਕਿਸੇ ਨਫ਼ਰਤ ਭਰੀ ਗਤੀਵਿਧੀ ਦੇ ਗਵਾਹ ਹੋ ਤਾਂ ਮੈਂ ਤੁਹਾਨੂੰ ਆਪਣੀ ਸਥਾਨਕ ਪੁਲਿਸ ਨੂੰ ਇਸ ਘਟਨਾ ਦੀ ਰਿਪੋਰਟ ਕਰਨ ਲਈ ਉਤਸ਼ਾਹਿਤ ਕਰਦੀ ਹਾਂ। ਸਾਨੂੰ ਇਕ ਦੂਸਰੇ ਦਾ ਧਿਆਨ ਰੱਖਣਾ ਚਾਹੀਦਾ ਹੈ, ਦਿਆਲਤਾ ਦਿਖਾਉਣੀ ਚਾਹੀਦੀ ਹੈ ਅਤੇ ਆਪਣੇ ਸ਼ਬਦਾਂ ਅਤੇ ਕਾਰਜਾਂ ਰਾਹੀਂ ਉਸਨੂੰ ਪ੍ਰਦਰਸ਼ਤ ਕਰਨਾ ਚਾਹੀਦਾ ਹੈ ਕਿ ਬੀ ਸੀ ਵਿੱਚ ਨਫ਼ਰਤ ਲਈ ਕੋਈ ਥਾਂ ਨਹੀਂ ਹੈ। ”

ਸੰਪਰਕ:
ਮੀਡੀਆ ਰਿਲੇਸ਼ਨਜ਼
ਸੈਰ-ਸਪਾਟਾ, ਕਲਾ ਅਤੇ ਸਭਿਆਚਾਰ ਮੰਤਰਾਲਾ
ਗੋਰਮਿੰਟ ਕਮਿਊਨੀਕੇਸ਼ਨਜ਼ ਅਤੇ ਪਬਲਿਕ ਇਨਗੇਜਮੈਂਟ
250 208-4309